# ਸੁਰਿੰਦਰ ਗੀਤ ਕਾਵਿ
# ਦ੍ਰਿਸ਼ਟੀ ਤੇ ਸੰਵਾਦ




ਸੰਪਾਦਕ
ਡਾ. ਨਰੇਸ਼ ਕੁਮਾਰ

# Surinder Geet Kav : Drishti Te Samvad

Edited by
Dr. Naresh Kumar
Assistant Professor
Department of Punjabi and Dogri
Central University of Himachal Pradesh, Dharamshala
Ph : 9878889269, E-mail : nareshaman2002@hpcu.ac.in

Published by
Unimax Publications
Printed & bound at Unimax Publications
Sant Mills Market, Opp. Damoria Pull,
Railway Road, Jalandhar City
Ph : 98721-31029, 98151-31029
Email_id : unimaxpublications@gmail.com

© 2021
Produced and bound in India

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published. No part of this publication may be reproduced, transmitted or stored in a retrieval system, in any form or by any means, electronic, mechanical, photocopying, recording or otherwise), without the prior permission of author & publisher.

Price : Rs. 200/-

ISBN : 978-93-83730-92-6

First Impression, 2021

# ਤਤਕਰਾ


• ਸੰਪਾਦਕੀ 9
*-ਡਾ. ਨਰੇਸ਼ ਕੁਮਾਰ*

• ਕਵਿਤਾ ਤੂੰ ਆ...ਪਰ ਇਸ ਤਰ੍ਹਾਂ ਆ 13
*-ਸੁਰਜੀਤ ਪਾਤਰ*

• ਅਪਾਹਜ ਸਮੇਂ ਨਾਲ ਸੰਵਾਦ 21
*-ਡਾ. ਸੁਖਦੇਵ ਸਿੰਘ*

• ਸੁਰਿੰਦਰ ਗੀਤ ਦੇ ਕਾਵਿ-ਬੋਲਾਂ ਦੀ ਵਿਲੱਖਣਤਾ 34
*-ਡਾ. ਹਰਿਭਜਨ ਸਿੰਘ ਭਾਟੀਆ*

• ਕਾਵਿ ਸੰਗ੍ਰਹਿ 'ਸ਼ਬਦ ਸੁਨੱਖੇ' ਦੀ ਯੋਜਨਾ ਅਤੇ ਮਨੋਰਥ 39
*-ਡਾ. ਸੁਰਜੀਤ ਬਰਾੜ*

• ਸੁਰਿੰਦਰ ਗੀਤ ਕਾਵਿ : ਸਵੈ ਤੋਂ ਸਮਾਜਿਕ ਸੰਵਾਦ ਤੱਕ 60
*-ਡਾ. ਨਰੇਸ਼ ਕੁਮਾਰ*

• ਸੁਰਿੰਦਰ ਗੀਤ ਦੀ ਕਵਿਤਾ 72
*-ਡਾ. ਮੋਹਨ ਸਿੰਘ ਤਿਆਗੀ*

• ਸੁਰਿੰਦਰ ਗੀਤ ਦੀ ਕਾਵਿ-ਭਾਸ਼ਾਈ ਯਾਤਰਾ 77
*-ਡਾ. ਮਨਜਿੰਦਰ ਸਿੰਘ, ਬਲਜਿੰਦਰ ਕੌਰ*

• ਮਾਨਵਤਾ ਦੀ ਆਵਾਜ਼ : ਸੁਰਿੰਦਰ ਗੀਤ ਕਾਵਿ 83
*-ਡਾ. ਮੇਘਾ ਸਲਵਾਨ*

• ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ 'ਗੁਸਤਾਖ਼ ਹਵਾ' 91
*-ਡਾ. ਗੁਰਜੀਤ ਕੌਰ*

• ਵਾਵਰੋਲਿਆਂ ਦੇ ਅੰਗ ਸੰਗ : ਸੁਰਿੰਦਰ ਗੀਤ ਮੂਲਵਾਸ ਅਤੇ ਪਰਵਾਸ ਦਰਮਿਆਨ ਝੂਲਦੀ ਮੈਂ ਦਾ ਸੰਵਾਦ 100
*-ਡਾ. ਰਵਿੰਦਰ ਸਿੰਘ ਸੰਧੂ*



ਵਗਦੀ ਪੌਣ ਤੋਂ ਇਹ ਪੁੱਛਣ ਵਾਲੀ ਕਿ ਧਰਤੀ ਅਤੇ ਆਕਾਸ਼ ਕਿੱਥੇ ਮਿਲਦੇ ਨੇ ਅਤੇ ਵਤਨ ਤੋਂ ਸਰ੍ਹੋਂ ਦੇ ਫੁੱਲਾਂ ਦੀ ਮਹਿਕ ਦਾ ਸੁਨੇਹਾ ਉਡੀਕਣ ਵਾਲੀ ਸੁਰਿੰਦਰ ਗੀਤ ਕਵਿਤਾ ਵਿਚ ਹੀ ਜਿਉਂਦੀ ਹੈ, ਕਵਿਤਾ ਵਿਚ ਹੀ ਸਾਹ ਲੈਂਦੀ ਹੈ। ਕਵਿਤਾ ਪ੍ਰਤੀ ਉਸਦੀ ਮੁਹੱਬਤ ਬੇਪਨਾਹ ਹੈ। ਉਹ ਕਵਿਤਾ ਬਾਰੇ ਘੰਟਿਆਂ-ਬੱਧੀ ਸੰਵਾਦ ਕਰ ਸਕਦੀ ਹੈ। ਸੁਰਿੰਦਰ ਗੀਤ ਦੀ ਕਵਿਤਾ ਦਾ ਸਫ਼ਰ ਤਿੰਨ ਦਹਾਕਿਆਂ ਤੋਂ ਵੀ ਵੱਧ ਦੇ ਕਾਲ-ਖੰਡ ਵਿਚ ਫੈਲਿਆ ਹੋਇਆ ਹੈ। ਹੁਣ ਤੱਕ ਉਸਨੇ ਦਸ ਤੋਂ ਵੱਧ ਕਵਿਤਾ ਦੀਆਂ ਕਿਤਾਬਾਂ ਦੀ ਸਿਰਜਣਾ ਕੀਤੀ ਹੈ। ਤੇਈ ਸਾਲ ਦੀ ਉਮਰੇ ਬੇਗ਼ਾਨੇ ਮੁਲਕ ਵਿਚ ਵਸ ਕੇ ਉਸਨੇ ਪਰਵਾਸ ਨੂੰ ਹੰਢਾਇਆ ਵੀ ਹੈ ਅਤੇ ਉਸ ਵਿਚ ਜਿਉਣਾ ਵੀ ਸਿੱਖਿਆ ਹੈ। ਬੇਗ਼ਾਨੇ ਮੁਲਕ ਵਿਚ ਰਹਿੰਦਿਆਂ ਵੀ ਕਵਿਤਾ ਉਸਦੀ ਪ੍ਰਥਮ ਮੁਹੱਬਤ ਬਣੀ ਰਹੀ।

ਸੁਰਿੰਦਰ ਗੀਤ ਦੀ ਕਵਿਤਾ ਥੀਮੈਟਿਕਸ ਦਾ ਘੇਰਾ ਬਹੁ-ਦਿਸ਼ਾਵੀ ਹੈ। ਜੀਵਨ ਵਿਚੋਂ ਕਸ਼ੀਦ ਹੋਈ ਆਤਮ-ਕਥਾ ਤੋਂ ਲੈ ਕੇ ਵਿਸ਼ਵ, ਭਾਰਤ ਅਤੇ ਪੰਜਾਬ ਦੀ ਧਰਤੀ 'ਤੇ ਵਾਪਰਨ ਵਾਲੀਆਂ ਘਟਨਾਵਾਂ ਉਸਦੀ ਕਵਿਤਾ ਵਿਚ ਕਾਵਿ-ਬਿਰਤਾਂਤਾਂ ਦੇ ਰੂਪ ਵਿਚ ਦਰਜ ਹੋਈਆਂ ਹਨ। ਸੁਰਿੰਦਰ ਗੀਤ ਦੀ ਕਾਵਿ-ਸੰਵੇਦਨਾ ਨਾਰੀ-ਮਨ ਦੀ ਕੋਮਲਤਾ ਤੋਂ ਲੈ ਕੇ ਸਮਾਜਿਕ, ਆਰਥਿਕ, ਸਭਿਆਚਾਰਕ ਅੰਦੋਲਨਾਂ ਨੂੰ ਆਪਣੇ ਕਾਵਿ-ਉਚਾਰ ਦਾ ਆਧਾਰ ਬਣਾਉਂਦੀ ਹੈ। ਆਤਮ-ਮੁਖਤਾ ਨਾਲੋਂ ਬਾਹਰਮੁਖਤਾ ਉਸਦੇ ਪ੍ਰਵਚਨ ਦੀ ਰੀੜ੍ਹ ਹੈ ਜਿਸ ਕਾਰਨ ਉਸਦੀ ਕਵਿਤਾ ਸਮੂਹਿਕ ਸੰਬੋਧਨ ਰਾਹੀਂ ਸੰਚਾਰਮੁਖਤਾ ਨੂੰ ਸਰਲ ਬਣਾ ਦਿੰਦੀ ਹੈ। ਸਰੋਦੀਪਣ ਅਤੇ ਤੁਕਾਂਤਕ ਰਿਦਮ ਉਸਦੀ ਕਵਿਤਾ ਨੂੰ ਲੋਕਮੁਖੀ ਬਣਾ ਦਿੰਦੇ ਹਨ। ਉਸਦੀ ਕਵਿਤਾ ਵਿਚ ਨਜ਼ਮ, ਗੀਤ, ਗ਼ਜ਼ਲ ਤਿੰਨ ਪ੍ਰਮੁੱਖ ਰੂਪਾਕਾਰ ਹਨ। ਪਰ ਇਨ੍ਹਾਂ ਵਿਚ ਸਾਂਝ ਦਾ ਪ੍ਰਮੁੱਖ ਬਿੰਦੂ ਪ੍ਰਗੀਤਕ ਲੈ ਬਣਦਾ ਹੈ ਜੋ ਸੁਰਿੰਦਰ ਗੀਤ ਦੀ ਕਵਿਤਾ ਨੂੰ ਆਮ ਪਾਠਕ ਦੇ ਨੇੜੇ ਲੈ ਜਾਂਦਾ ਹੈ। ਗੀਤਾਂ ਵਰਗੀ ਸਾਦਗੀ, ਸਰਲਤਾ ਅਤੇ ਕੋਮਲਤਾ ਉਸਦੀ ਕਵਿਤਾ ਨੂੰ ਸੰਵੇਦਨੀ ਅਤੇ ਭਾਵੁਕ-ਜਗਤ ਵਿਚ ਲਿਜਾ ਕੇ ਪਾਠਕ ਨੂੰ ਆਪਣੇ ਨਾਲ ਜੋੜਦੀ ਹੈ।

ਡਾ. ਨਰੇਸ਼ ਵੱਲੋਂ ਸੁਰਿੰਦਰ ਗੀਤ ਦੀ ਕਵਿਤਾ ਬਾਰੇ ਇਹ ਜੋ ਕਿਤਾਬ ਸੰਪਾਦਿਤ ਕੀਤੀ ਗਈ ਹੈ, ਇਸ ਕਿਤਾਬ ਵਿਚ ਸੁਰਜੀਤ ਪਾਤਰ, ਹਰਿਭਜਨ ਭਾਟੀਆ ਅਤੇ ਸੁਖਦੇਵ ਸਿਰਸਾ ਵਰਗੀਆਂ ਅਹਿਮ ਸ਼ਖ਼ਸੀਅਤਾਂ ਦੇ ਲੇਖ ਦਰਜ ਹੋਣੇ ਇਸ ਕਿਤਾਬ ਨੂੰ ਅਹਿਮ ਬਣਾਉਂਦੇ ਹਨ ਅਤੇ ਪੰਜਾਬੀ ਕਾਵਿ-ਆਲੋਚਨਾ ਵਿਚ ਇਸ ਦਾ ਮਹੱਤਵ ਹੋਵੇਗਾ, ਇਸ ਦਾ ਮੈਨੂੰ ਵਿਸ਼ਵਾਸ ਹੈ। ਡਾ. ਨਰੇਸ਼ ਦੀ ਮਿਹਨਤ ਅਤੇ ਯੋਗਤਾ ਦਾ ਸਬੂਤ ਇਸ ਕਿਤਾਬ ਵਿਚ ਦਰਜ ਹੈ ਜਿਸ ਦਾ ਪਾਠਕ ਜ਼ਰੂਰ ਸਵਾਗਤ ਕਰਨਗੇ।

**-ਡਾ. ਯੋਗਰਾਜ**
**ਪ੍ਰੋਫ਼ੈਸਰ, ਪੰਜਾਬੀ ਵਿਭਾਗ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**